# ਇਕ ਓਅੰਕਾਰੁ ( ੴ )

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ

**੧ = ਅਕਾਲ ਪੁਰਖੁ ਇਕ ਹੈ, ਓ = ਅਕਾਲ ਪੁਰਖੁ, ਕਾਰੁ = ਅਕਾਲ ਪੁਰਖੁ ਹਰ ਥਾਂ ਇਕ ਰਸ ਵਿਆਪਕ ਹੈ ੴ = ਅਕਾਲ ਪੁਰਖੁ ਇਕ ਹੈ, ਜੋ ਹਰ ਥਾਂ ਇਕ ਰਸ ਵਿਆਪਕ ਹੈ** (ਅਕਾਲ ਪੁਰਖੁ ਸਭ ਥਾਂ ਤੇ ਇਕੋ ਜਿਹਾ ਹੈ, ਕਿਤੇ ਵੀ ਵੱਧ ਜਾਂ ਘੱਟ ਨਹੀਂ ਹੈ)






ਪੁਰਾਤਨ ਲਿਖਤਾਂ ਵਿਚ ਇਕ ਅਤੇ ਓਅੰਕਾਰੁ ਵੱਖਰੇ ਵੱਖਰੇ ਹਨ, ਇਕ ਦੂਜੇ ਨਾਲ ਜੁੜੇ ਨਹੀਂ ਹਨ। ਕਾਰੁ ਸਭ ਲਿਖਤਾਂ ਵਿਚ ਬਹੁਤ ਲੰਮਾ ਹੈ ਤੇ ਸਤਿ ਨਾਮੁ ਕਰਤਾ ਪੁਰਖੁ ਤੋਂ ਵੀ ਅੱਗੇ ਤਕ ਹੈ। ਅੱਜਕਲ ਦੀਆਂ ਗੁਰੂ ਗਰੰਥ ਸਾਹਿਬ ਦੀਆਂ ਬੀੜਾਂ ਜੋ ਛਪਦੀਆਂ ਹਨ, ਉਨ੍ਹਾਂ ਵਿਚ ਵੀ ਕਾਰੁ ਦੀ ਲਾਈਨ ਸਤਿ ਅਤੇ ਨਾਮੁ ਦੇ ਵਿਚਕਾਰ ਤਕ ਆਉਂਦੀ ਹੈ। ਕੰਮਪਿਊਟਰ ਵਿਚ ਤਕਨੀਕੀ ਕਾਰਣਾ ਕਰਕੇ ਅਜੇ ਤਕ ਛੋਟੀ ਹੀ ਛਪਦੀ ਹੈ। ਇਸ ਨੂੰ ਕਦੀ ਵੀ ਛੋਟਾ ਕਰਕੇ ਨਹੀਂ ਲਿਖਣਾਂ ਹੈ। ਇਹ ਅਕਾਲ ਪੁਰਖੁ ਦੀ ਇਕ ਰਸ ਵਿਆਪਕਤਾ ਦਾ ਪ੍ਰਤੀਕ ਹੈ।

ਪਰੰਤੂ ਬਹੁਤ ਅਫਸੋਸ ਨਾਲ ਕਹਿੰਣਾਂ ਪੈਂਦਾ ਹੈ, ਕਿ ਜੋ ੴ ਦੇ ਮਾਡਲ ਗੁਰਦੁਆਰਾ ਸਾਹਿਬਾਂ ਜਾਂ ਘਰਾਂ ਵਿਚ ਮਿਲਦੇ ਹਨ, ਉਨ੍ਹਾਂ ਵਿਚ ਕਾਰੁ ਦੀ ਲੰਬਾਈ ਬਹੁਤ ਛੋਟੀ ਹੋ ਗਈ ਹੈ ਤੇ ਜਾਂ ਲਗਭਗ ਅਲੋਪ ਹੀ ਹੋ ਗਈ ਹੈ

ਕਾਰੁ ਸਿੱਖ ਧਰਮ ਦੀ ਬਾਕੀ ਧਰਮਾਂ ਨਾਲੋਂ ਵਿਲੱਖਣਤਾ ਦੀ ਪਹਿਲੀ ਨਿਸ਼ਾਨੀ ਹੈ

ਇਸ ਲਈ ਜੇਕਰ ਅਸੀਂ ਅਜੇਹੇ ਮਾਡਲ ਖਰੀਦਦੇ ਹਾਂ ਤੇ ਗੁਰਦੁਆਰਾ ਸਾਹਿਬਾਂ ਜਾਂ ਘਰਾਂ ਵਿਚ ਰੱਖਦੇ ਹਾਂ ਤਾਂ ਅਸੀਂ ਸਿੱਖ ਧਰਮ ਨੂੰ ਖਤਮ ਕਰਨ ਦੇ ਜੁਮੇਵਾਰ ਖੁਦ ਆਪ ਹਾਂ। ਅਜੇਹੇ ਘੋਰ ਅਪਰਾਧ ਲਈ ਗੁਰੂ ਸਾਹਿਬ ਸਾਨੂੰ ਕਦੇ ਵੀ ਮਾਫ ਨਹੀਂ ਕਰਨਗੇ

*ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥ ਓਅੰਕਾਰਿ ਸੈਲ ਜੁਗ ਭਏ ॥ ਓਅੰਕਾਰਿ ਬੇਦ ਨਿਰਮਏ ॥ ਓਅੰਕਾਰਿ ਸਬਦਿ ਉਧਰੇ ॥ ਓਅੰਕਾਰਿ ਗੁਰਮੁਖਿ ਤਰੇ ॥ ਓਨਮ ਅਖਰ ਸੁਣਹੁ ਬੀਚਾਰੁ ॥ ਓਨਮ ਅਖਰੁ ਤ੍ਰਿਭਵਣ ਸਾਰੁ ॥੧॥ (੯੨੯)*

http://www.geocities.ws/sarbjitsingh/